# ਪੰਜਾਬ ਸਕੂਲ ਸਿੱਖਿਆ ਬੋਰਡ

**ਵਿਸ਼ਾ:- ਅਕਾਦਮਿਕ ਸਾਲ 2019-20 ਤੋਂ ਪੰਜਵੀਂ ਅਤੇ ਅੱਠਵੀਂ ਸ਼੍ਰੇਣੀ ਦੀ ਸਾਲਾਨਾ ਪ੍ਰੀਖਿਆ ਬੋਰਡ ਪੱਧਰ ਤੇ ਕਰਵਾਉਣ ਸੰਬੰਧੀ ਲਏ ਫੈਸਲੇ ਅਨੁਸਾਰ ਮੁੱਖ ਵਿਸ਼ਿਆਂ ਦੇ ਪ੍ਰਸ਼ਨ ਪੱਤਰਾਂ ਦੀ ਬਣਤਰ ਅਤੇ ਮਾਡਲ ਟੈਸਟ ਪੇਪਰਾਂ ਸੰਬੰਧੀ।**

1. ਪੰਜਾਬ ਸਰਕਾਰ ਵੱਲੋਂ ਉਪਰੋਕਤ ਵਿਸ਼ੇ ਸੰਬੰਧੀ ਲਏ ਗਏ ਨਿਰਣੇ ਦੀ ਲੋਅ ਵਿੱਚ ਐਸ.ਸੀ.ਈ.ਆਰ.ਟੀ, ਪੰਜਾਬ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਿਸ਼ਾ ਮਾਹਿਰਾਂ ਵੱਲੋਂ ਪੰਜਵੀਂ ਅਤੇ ਅੱਠਵੀਂ ਸ਼੍ਰੇਣੀ ਲਈ ਵਿਸ਼ਾਵਾਰ ਪ੍ਰਸ਼ਨ ਪੱਤਰਾਂ ਦੀ ਬਣਤਰ ਅਤੇ ਮਾਡਲ ਟੈਸਟ ਪੇਪਰ ਹੇਠ ਦਰਸਾਈ ਸੂਚੀ ਅਨੁਸਾਰ ਤਿਆਰ ਕਰਕੇ ਬੋਰਡ ਦੀ ਵੈਬ ਸਾਈਟ ਤੇ ਅਪਲੋਡ ਕੀਤੇ ਗਏ ਹਨ।

**ਪੰਜਵੀਂ ਸ਼੍ਰੇਣੀ**

i. ਪੰਜਾਬੀ (ਪਹਿਲੀ ਭਾਸ਼ਾ)
ii. ਅੰਗਰੇਜ਼ੀ
iii. ਹਿੰਦੀ (ਦੂਜੀ ਭਾਸ਼ਾ)
iv. ਵਾਤਾਵਰਣ ਸਿੱਖਿਆ
v. ਗਣਿਤ

**ਅੱਠਵੀਂ ਸ਼੍ਰੇਣੀ**

i. ਪੰਜਾਬੀ (ਪਹਿਲੀ ਭਾਸ਼ਾ)
ii. ਅੰਗਰੇਜ਼ੀ
iii. ਹਿੰਦੀ (ਦੂਜੀ ਭਾਸ਼ਾ)
iv. ਗਣਿਤ
v. ਸਮਾਜਿਕ ਵਿਗਿਆਨ
vi. ਵਿਗਿਆਨ
vii. ਕੰਪਿਊਟਰ ਸਾਇੰਸ (ਤਿਆਰੀ ਅਧੀਨ)
viii. ਸਿਹਤ ਤੇ ਸਰੀਰਕ ਸਿੱਖਿਆ (ਤਿਆਰੀ ਅਧੀਨ)
ix. ਚੋਣਵਾਂ ਵਿਸ਼ਾ
    - ਡਰਾਇੰਗ (ਤਿਆਰੀ ਅਧੀਨ)
    - ਖੇਤੀਬਾੜੀ (ਤਿਆਰੀ ਅਧੀਨ)
    - ਸੰਗੀਤ ਗਾਇਨ (ਤਿਆਰੀ ਅਧੀਨ)
    - ਸੰਗੀਤ ਵਾਦਨ (ਤਿਆਰੀ ਅਧੀਨ)
    - ਸੰਸਕ੍ਰਿਤ (ਤਿਆਰੀ ਅਧੀਨ)
    - ਗ੍ਰਹਿ ਵਿਗਿਆਨ (ਤਿਆਰੀ ਅਧੀਨ)

2. ਉਪਰੋਕਤ ਤੋਂ ਇਲਾਵਾ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ ਤੀਜੀ ਅਤੇ ਚੌਥੀ ਸ਼੍ਰੇਣੀ ਦੇ ਮਾਡਲ ਟੈਸਟ ਪੇਪਰ ਵੀ ਤਿਆਰ ਕਰਕੇ ਬੋਰਡ ਦੀ ਵੈਬ ਸਾਈਟ ਤੇ ਅਪਲੋਡ ਕੀਤੇ ਗਏ ਹਨ। ਜਿਸ ਦੀ ਲਗਾਤਾਰਤਾ ਵਿੱਚ ਛੇਵੀਂ ਅਤੇ ਸੱਤਵੀਂ ਸ਼੍ਰੇਣੀ ਦੇ ਸਮੂਹ ਵਿਸ਼ਿਆ ਦੇ ਮਾਡਲ ਟੈਸਟ ਪੇਪਰ ਵੀ ਤਿਆਰ ਕਰਕੇ ਅਪਲੋਡ ਕੀਤੇ ਜਾਣਗੇ।
3. ਪੰਜਵੀਂ ਅਤੇ ਅੱਠਵੀਂ ਸ਼੍ਰੇਣੀ ਲਈ ਨਿਰੰਤਰ ਸਰਵਪੱਖੀ ਮੁਲਾਂਕਣ (CCE) ਲਈ ਕ੍ਰਮਵਾਰ 20 ਅੰਕ ਅਤੇ 10 ਅੰਕ ਨਿਰਧਾਰਿਤ ਕੀਤੇ ਗਏ ਹਨ ਅਤੇ ਜਿਸ ਸੰਬੰਧੀ ਵਿਸ਼ਾਵਾਰ ਮੌਡਿਊਲ ਤਿਆਰੀ ਅਧੀਨ ਹਨ।